a2zpapers.com

www.a2zpapers.com

**Exam. Code : 105406**
**Subject Code : 1527**

**Bachelor in Business Administration 6th Semester**

**ਪੰਜਾਬੀ ਲਾਜ਼ਮੀ**

**Paper–BBA–602(i)**

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਕਿਸੇ **ਇਕ** ਕਹਾਣੀ ਦਾ ਵਿਸ਼ਾ-ਵਸਤੂ ਲਿਖੋ :
   (ੳ) ਫ਼ੈਸਲਾ
   (ਅ) ਉਹ ਸੋਚਦੀ। 10

2. ਕਿਸੇ **ਇਕ** ਨਿਬੰਧ ਦਾ ਸਾਰ ਲਿਖੋ :
   (ੳ) ਝੂਠ ਤੇ ਸੱਚ
   (ਅ) ਆਓ, ਗੱਲਾਂ ਕਰੀਏ। 10

3. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ 'ਤੇ ਲੇਖ-ਰਚਨਾ ਕਰੋ :
   (ੳ) ਅਜੋਕੀ ਪੰਜਾਬੀ ਗਾਇਕੀ ਵਿਚ ਹਿੰਸਾ
   (ਅ) ਲਾਇਬ੍ਰੇਰੀ ਦਾ ਮਹੱਤਵ
   (ੲ) ਆਤਮ ਵਿਸ਼ਵਾਸ। 5

4. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

   ਮਨੁੱਖੀ ਜੀਵਨ ਤਿੰਨ ਅਵਸਥਾਵਾਂ ਵਿਚੋਂ ਲੰਘਦਾ ਹੈ। ਇਹ ਅਵਸਥਾਵਾਂ ਹਨ : ਬਚਪਨ, ਜਵਾਨੀ ਅਤੇ ਬੁਢਾਪਾ। ਬਚਪਨ ਅਤੇ ਬੁਢਾਪਾ ਸਵੈ-ਨਿਰਭਰ ਨਹੀਂ ਹੁੰਦੇ। ਬਚਪਨ ਮਾਤਾ-ਪਿਤਾ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

ਦੇ ਸਹਾਰੇ ਦਾ ਮੁਥਾਜ ਹੁੰਦਾ ਹੈ ਅਤੇ ਬੁਢਾਪਾ ਪੁੱਤਰਾਂ-ਨੂੰਹਾਂ ਦੇ। ਸਿਰਫ਼ ਜਵਾਨੀ ਆਪਣੇ ਪੈਰਾਂ ਉਤੇ ਹੁੰਦੀ ਹੈ ਅਤੇ ਹਰ ਕੰਮ ਦੀ ਸਮਰਥਾ ਰੱਖਦੀ ਹੈ। ਇਸ ਲਈ ਜਵਾਨੀ ਦੀ ਅਵਸਥਾ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ। ਜਵਾਨੀ ਵਿਚ ਮਨੁੱਖ ਦੀਆਂ ਰਗਾਂ ਅੰਦਰ ਨਰੋਆ ਅਤੇ ਗਰਮ ਖ਼ੂਨ ਦੌੜਦਾ ਹੈ ਜਿਹੜਾ ਉਸ ਦੇ ਮਨ ਵਿਚ ਜੋਸ਼ ਅਤੇ ਉਮੰਗਾਂ ਜਗਾਉਂਦਾ ਹੈ। ਜਵਾਨ ਮਨੁੱਖ ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਵੱਡੇ ਤੋਂ ਵੱਡੇ ਖ਼ਤਰੇ ਵਿਚ ਪੈਣ ਤੋਂ ਨਹੀਂ ਡਰਦਾ। ਇਸ ਲਈ ਜਵਾਨੀ ਦਾ ਸਦ-ਉਪਯੋਗ ਕਰਨਾ ਚਾਹੀਦਾ ਹੈ। ਇਹੀ ਜਵਾਨੀ ਜੇ ਮਾੜੀ ਸੋਚ ਵੱਲ ਵਹਿ ਤੁਰੇ ਤਾਂ ਮਨੁੱਖਤਾ ਲਈ ਸਰਾਪ ਬਣ ਜਾਂਦੀ ਹੈ। ਲੋੜ ਹੈ ਕਿ ਜਵਾਨੀ ਦੀ ਸੁਨਹਿਰੀ ਅਵਸਥਾ ਨੂੰ ਉਸਾਰੂ ਪਾਸੇ ਵੱਲ ਲਾਇਆ ਜਾਵੇ। 5

5. ਪੰਜਾਬੀ ਭਾਸ਼ਾ ਵਿਚ ਕਾਰਕ ਅਤੇ ਕਾਰਕੀ ਸਬੰਧਾਂ ਬਾਰੇ ਵਿਸਥਾਰ ਸਹਿਤ ਚਰਚਾ ਕਰੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **50-50** ਸ਼ਬਦਾਂ ਵਿਚ ਲਿਖੋ :

(ੳ) ਮਹੀਪ ਸਿੰਘ ਦੀ ਕਿਹੜੀ ਕਹਾਣੀ "ਜਗ ਬੀਤੀ ਹੱਡ ਬੀਤੀ" ਪੁਸਤਕ ਵਿਚ ਸ਼ਾਮਿਲ ਹੈ ?

(ਅ) 'ਗੁਲਬਾਨੋ' ਕਹਾਣੀ ਦੀ ਮੂਲ ਸਮੱਸਿਆ ਕੀ ਹੈ ?

(ੲ) 'ਘੋਟਣਾ' ਕਹਾਣੀ ਦੇ ਮੁੱਖ ਪਾਤਰ ਕਿਸ਼ਨੇ ਦਾ ਸ਼ਹਿਰ ਵਿਚ ਦਿਲ ਕਿਉਂ ਨਹੀਂ ਲਗਦਾ ?

(ਸ) 'ਗੱਪ ਬਾਜ਼' ਲੇਖ ਕਿਸ ਦੀ ਰਚਨਾ ਹੈ ?

(ਹ) 'ਭੁੱਖੜ' ਲੇਖ ਅਨੁਸਾਰ ਭੁੱਖੜ ਵਿਅਕਤੀ ਦੀ ਮਾਨਸਿਕਤਾ ਕਿਹੋ ਜਿਹੀ ਹੁੰਦੀ ਹੈ ? 5×2=10



www.a2zpapers.com www.a2zpapers.com
ad free old Question papers gndu, ptu hp board, punjab